International Journal of Research
Special Issue for UGC Approved Journal-Punjabi Papers
Available at https://edupediapublications.org/journals
e-ISSN: 2348-6848
p-ISSN: 2348-795X
Volume 04 Issue 19
December 2017

# ਭਾਰਤੀ ਕਾਵਿ ਸ਼ਾਸਤਰੀ ਪਰੰਪਰਾ ਅਤੇ ਸੁਹਜ ਸ਼ਾਸਤਰ

ਜਗਦੀਪ ਸਿੰਘ (ਡਾ.)
ਮਾਲਵਾ ਕਾਲਜ ਬੋਂਦਲੀ (ਸਮਰਾਲਾ )
jagdeep7385@gmail.com

ਸਾਹਿਤ, ਲਲਿਤ ਕਲਾਵਾਂ ਦਾ ਇਕ ਰੂਪ ਹੀ ਨਹੀਂ ਬਲਕਿ ਅਨੇਕ ਅੰਤਰੀਵੀ ਅਤੇ ਬਾਹਰੀ ਵਿਸ਼ੇਸ਼ਤਾਵਾਂ ਸਦਕਾ ਹੋਰਨਾਂ ਲਲਿਤ ਕਲਾਵਾਂ ਤੋਂ ਸ੍ਰੇਸ਼ਠ ਵੀ ਹੈ। ਅਸਲ ਵਿਚ ਸੁਹਜ-ਉਤਪਾਦਨ ਕਿਸੇ ਵੀ ਕਲਾ ਦਾ ਪ੍ਰਾਥਮਿਕ ਉਦੇਸ਼ ਮੰਨਿਆ ਜਾਂਦਾ ਹੈ। ਕਲਾ ਵਿਚਲੇ ਇਸੇ ਸੁਹਜ-ਉਤਪਾਦਨ ਦੇ ਸਦਕਾ ਕੋਈ ਵਿਅਕਤੀ ਕਲਾ ਪ੍ਰਤੀ ਆਕ੍ਰਸ਼ਿਤ ਹੁੰਦਾ ਹੈ ਅਤੇ ਕਲਾ ਨੂੰ ਵੱਖਰੇ-ਵੱਖਰੇ ਕੋਣਾਂ ਤੋਂ ਮੁਲੰਕਿਤ ਕਰਨ ਵੱਲ ਰੁਚਿਤ ਹੁੰਦਾ ਹੈ। ਭਾਰਤੀ ਕਾਵਿ ਸ਼ਾਸਤਰ ਵਿਚ ਸੁਹਜ ਨੂੰ 'ਸ਼ੋਭਾ', 'ਚਾਰੁਤਾ', 'ਰਮਣੀਯਤਾ' ਆਦਿ ਨਾਵਾਂ ਨਾਲ ਸੰਬੋਧਿਤ ਕੀਤਾ ਗਿਆ ਮਿਲਦਾ ਹੈ। ਭਾਵੇਂ ਕਿ ਇਨ੍ਹਾਂ ਸਾਰੇ ਨਾਵਾਂ ਨੂੰ 'ਸੁਹਜ' ਦੇ ਸਮਾਨਰਥੀ ਲਿਆ ਜਾਂਦਾ ਰਿਹਾ ਹੈ ਪਰੰਤੂ ਸਾਡਾ ਮੰਨਣਾ ਹੈ ਕਿ ਇਹ ਕਿਸੇ ਵੀ ਕਲਾ ਦੇ ਆਨੰਦ/ਖੁਸ਼ੀ/ਆਕ੍ਰਸ਼ਨ ਦਾ ਮਾਧਿਅਮ ਤਾਂ ਹੋ ਸਕਦੇ ਹਨ ਪਰੰਤੂ ਆਪਣੇ ਆਪ ਵਿਚ ਸੁਹਜ ਨਹੀਂ। ਯਾਨੀ ਕਿਸੇ ਮੰਚ-ਪੇਸ਼ਕਾਰੀ ਦੀ ਸ਼ੋਭਾ, ਕਿਸੇ ਕੁਦਰਤੀ ਦ੍ਰਿਸ਼ ਵਿਚ ਦਰਸਾਈ ਰਮਣੀਯਤਾ ਆਦਿ ਨੂੰ ਸੁਹਜ ਉਤਪੰਨ ਕਰਨ ਵਾਲੇ ਤੱਤ ਤਾਂ ਮੰਨਿਆ ਜਾ ਸਕਦਾ ਹੈ ਪਰੰਤੂ ਸੁਹਜ ਦੀ ਸੱਤਾ ਨੂੰ ਇਨ੍ਹਾਂ ਵਿਚੋਂ ਕਿਸੇ ਵਿਚ ਵੀ ਵਿਦਮਾਨ ਨਹੀਂ ਮੰਨਿਆ ਜਾ ਸਕਦਾ।

ਭਾਰਤੀ ਕਾਵਿ ਸ਼ਾਸਤਰ ਵਿਚ 'ਕਾਵਿ' ਨੂੰ ਖੁਦਮੁਖਤਿਆਰ ਕਲਾ ਮੰਨਦੇ ਹੋਏ ਅਨੇਕ ਭਾਰਤੀ ਆਚਾਰੀਆ ਨੇ ਇਸ ਦੀ ਸੱਤਾ ਸਬੰਧੀ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ ਹਨ। ਇਨ੍ਹਾਂ ਸਾਰੇ ਆਚਾਰੀਆਂ ਦੇ ਮੱਤਾਂ ਦਾ ਵਖਰੇਵਾਂ 'ਕਾਵਿ-ਸੁਹਜ' ਦੇ ਮੂਲ ਤੱਤ ਦੀ ਪਛਾਣ ਕਰਨ ਨਾਲ ਸਬੰਧਿਤ ਨਜ਼ਰ ਆਉਂਦਾ ਹੈ। ਉਦਾਹਰਨ ਵਜੋਂ ਭਾਰਤ ਦੇ ਆਦਿ ਅਚਾਰੀਆ ਵਜੋਂ ਜਾਣੇ ਜਾਂਦੇ ਭਰਤਮੁਨੀ (ਨਾਟਯ ਸ਼ਾਸਤਰ) ਅਤੇ ਇਸ ਉਪਰੰਤ ਭਾਮਹ (ਕਾਵਿਯਲੰਕਾਰ), ਦੰਡੀ (ਕਾਵਿਯਦਰਸ਼), ਵਾਮਨ (ਕਾਵਿਯਲੰਕਾਰ ਸੂਤਰਵ੍ਰਿਤੀ) ਆਨੰਦਵਰਧਨ (ਧਵਨਯਲੋਕ), ਕੁੰਤਕ (ਵਕ੍ਰੋਕਤੀ ਜੀਵਿਤਮ), ਮੰਮੱਟ (ਕਾਵਿਯਪ੍ਰਕਾਸ਼), ਪੰਡਿਤ ਜਗਨਨਾਥ (ਰਸ ਗੰਗਾਧਰ) ਆਦਿ ਆਚਾਰੀਆਂ ਨੇ ਕਾਵਿ-ਸੁਹਜ ਦੀ ਸੱਤਾ ਸਬੰਧੀ ਆਪਣੇ ਆਪਣੇ ਵਿਚਾਰਾਂ ਦੀ ਪ੍ਰੋੜਤਾ ਕੀਤੀ।

ਭਾਰਤੀ ਕਾਵਿ ਚਿੰਤਨ ਵਿਚ ਭਾਮਹ (6ਵੀਂ ਈਸਵੀ ਸਦੀ) ਕਾਵਿ-ਸੁਹਜ ਦੀ ਸਿੱਧੇ ਤੌਰ 'ਤੇ ਗੱਲ ਕਰਨ ਵਾਲੇ ਪਹਿਲੇ ਚਿੰਤਕ ਵਜੋਂ ਸਾਹਮਣੇ ਆਉਂਦੇ ਹਨ। ਆਪਣੀ ਪੁਸਤਕ 'ਕਾਵਿਯਲੰਕਾਰ' ਵਿਚ ਉਹ ਕਾਵਿ-ਪ੍ਰਯੋਜਨ, ਕਾਵਿ-ਵਿਸ਼ੇ, ਕਾਵਿ-ਗੁਣ ਅਤੇ ਕਾਵਿ-ਸੁਹਜ ਬਾਰੇ ਵਿਸਤ੍ਰਿਤ ਰੂਪ ਵਿਚ ਗੱਲ ਕਰਦਾ ਹੈ। ਸੁਹਜ ਨੂੰ 'ਚਾਰੁਤਾ' ਦੇ ਅਰਥਾਂ ਵਜੋਂ ਵਰਤਦਾ ਹੋਇਆਂ ਕਾਵਿਕ-ਸੁਹਜ ਬਾਰੇ ਉਹ 'ਸ਼ਬਦ ਅਤੇ ਅਰਥ ਯੁਕਤ ਰਚਨਾ' ਨੂੰ ਕਾਵਿ ਦੀ ਸੰਘਿਆ ਦਿੰਦਾ ਹੈ।[1] ਭਾਮਹ ਆਪਣੇ ਗ੍ਰੰਥ ਵਿਚ ਕਾਵਿਕ ਸੁਹਜ ਲਈ ਅਲੰਕਾਰਾਂ ਨੂੰ ਮਹੱਤਵ ਦਿੰਦਾ ਹੈ ਅਤੇ ਨਾਲ ਹੀ ਉਸ ਸਮੇਂ ਕਾਵਿ ਸੁਹਜ ਸਬੰਧੀ ਚੱਲੀ ਆ ਰਹੀ 'ਸਾਦੀ ਅਤੇ ਮਨਮੋਹਕ ਸ਼ੈਲੀ' ਦੀ ਧਾਰਨਾ ਦਾ ਵੀ ਖੰਡਨ ਕਰਦਾ ਹੈ।[2] ਭਾਮਹ ਦੇ ਵਾਂਗ ਹੀ ਇਕ ਹੋਰ ਆਚਾਰੀਆ ਦੰਡੀ (7ਵੀਂ ਈਸਵੀ ਸਦੀ) ਵੀ ਕਾਵਿ ਸੁਹਜ ਨੂੰ ਅਲੰਕਾਰਾਂ ਰਾਹੀਂ ਪੇਸ਼

ਹੁੰਦਾ ਮੰਨਦੇ ਹਨ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ 'ਕਿਸੇ ਰਚਨਾ ਵਿਚ ਮਨੋਰਮਾ, ਰੰਜਕਤਾ ਉਸ ਵਿਚ ਵਰਤੇ ਗਏ ਅਲੰਕਾਰਾਂ ਰਾਹੀਂ ਸਪਸ਼ਟ ਹੁੰਦੀ ਹੈ।[3] ਵਾਮਨ (9ਵੀਂ ਈਸਵੀ ਸਦੀ) ਆਪਣੀ ਪੁਸਤਕ 'ਕਾਵਿਯਲੰਕਾਰ ਸੂਤਰਵ੍ਰਿਤੀ' ਵਿਚ ਸੁਹਜ ਲਈ 'ਸੌਂਦਰਯ' ਅਤੇ 'ਸ਼ੋਭਾ' ਦੋ ਸ਼ਬਦਾਂ ਦੀ ਵਰਤੋਂ ਕਰਦਾ ਹੈ। ਉਹ ਆਪਣੇ ਤੋਂ ਪੂਰਵ ਆਚਾਰੀਆ-ਭਾਮਹ ਤੇ ਦੰਡੀ ਵਾਂਗ ਕਾਵਿ ਸੁਹਜ ਵਿਚ ਅਲੰਕਾਰਾਂ ਦੇ ਮਹੱਤਵ ਨੂੰ ਤਾਂ ਸਵੀਕਾਰਦਾ ਹੈ ਪਰੰਤੂ ਇਨ੍ਹਾਂ ਨੂੰ 'ਸੁਹਜ' ਦਾ ਪ੍ਰਾਇਵਾਚੀ ਨਾ ਮੰਨਦੇ ਹੋਏ 'ਗੁਣ' ਨੂੰ ਕਿਸੇ ਕਾਵਿ ਵਿਚ ਸ਼ੋਭਾ ਪ੍ਰਦਾਨ ਕਰਨ ਵਾਲੇ ਤੱਤ ਵਜੋਂ ਵੇਖਦਾ ਹੈ।[4] ਵਾਮਨ ਕਿਸੇ ਪਦ ਰਚਨਾ ਦੀ ਵਸ਼ਿਸਟਤਾ ਵਿਚੋਂ ਉਸਦਾ ਗੁਣ ਤਲਾਸ਼ਦਾ ਹੈ ਤੇ ਉਸ ਅਨੁਸਾਰ ਕਿਸੇ ਕਾਵਿ ਰਚਨਾ ਵਿਚ ਇਹ ਗੁਣ ਹੀ ਉਸਦੀ ਕਥਨ ਸ਼ੈਲੀ ਦੀ ਵਿਸ਼ੇਸ਼ਤਾ ਬਣ ਕੇ ਪੇਸ਼ ਹੁੰਦਾ ਹੈ।

ਭਾਰਤੀ ਕਾਵਿ ਸ਼ਾਸਤਰੀ ਵਿਵੇਚਨ ਵਿਚ ਆਨੰਦਵਰਧਨ (11ਵੀਂ ਈਸਵੀ ਸਦੀ) ਦਾ ਆਗਮਨ ਵਿਸ਼ੇਸ਼ ਮਹੱਤਵ ਰੱਖਦਾ ਹੈ। ਆਨੰਦਵਰਧਨ ਆਪਣੀ ਪੁਸਤਕ 'ਧਵਨਯਲੋਕ' ਵਿਚ ਨਾ ਕੇਵਲ ਆਪਣੇ ਤੋਂ ਪਹਿਲਾਂ ਚਲਦੀ ਆ ਰਹੀ ਕਾਵੀ ਸ਼ਾਸਤਰੀ ਨੂੰ ਤੋੜਦਾ ਹੈ ਬਲਕਿ ਕਾਵਿ ਸੁਹਜ ਦੀ ਸੱਤਾ ਵਜੋਂ 'ਧੁਨੀ' ਦਾ ਸਿਧਾਂਤ ਵੀ ਪੇਸ਼ ਕਰਦਾ ਹੈ। ਉਸ ਅਨੁਸਾਰ ਕਿਸੇ ਵੀ ਕਾਵਿ ਰਚਨਾ ਦਾ ਮੂਲ ਮੰਤਵ ਸ਼ਬਦਾਂ ਰਾਹੀਂ ਨਿਰੀ ਪੁਰੀ ਜਾਣ-ਪਛਾਣ ਕਰਾਉਣਾ ਹੀ ਨਹੀਂ ਬਲਕਿ ਰਸਾਂ ਅਤੇ ਭਾਵਾਂ ਦਾ ਸੰਚਾਰ ਕਰਨਾ ਵੀ ਹੁੰਦਾ ਹੈ ਅਤੇ ਕਾਵਿ ਵਿਚ ਰਸਾਂ ਅਤੇ ਭਾਵਾਂ ਦਾ ਸੰਚਾਰ 'ਕਾਵਿ-ਧੁਨੀ' ਤੋਂ ਬਿਨਾਂ ਅਸੰਭਵ ਹੈ। ਕਾਵਿ ਵਿਚ ਧੁਨੀ ਦੇ ਅਰਥ ਨੂੰ ਨਿਰਧਾਰਿਤ ਕਰਦਿਆਂ ਅਸੀਂ ਕਹਿ ਸਕਦੇ ਹਾਂ ਕਿ ਜਿੱਥੇ ਕੋਈ ਅਰਥ ਆਪਣੇ ਸਰੂਪ ਅਤੇ ਕੋਈ ਸ਼ਬਦ ਆਪਣੇ ਵਾਚਯ ਨੂੰ ਛੱਡ ਕੇ ਗੁੱਝੇ ਅਰਥ ਨੂੰ ਪ੍ਰਗਟ ਕਰਦਾ ਹੈ, ਉਹ ਵਿਸ਼ੇਸ਼ ਕਾਵਿ-ਧੁਨੀ ਹੁੰਦਾ ਹੈ। ਧੁਨੀ ਦਾ ਸਾਧਾਰਨ ਸ਼ਬਦਾਂ ਵਿਚ 'ਗੂੰਜ' ਤੋਂ ਅਰਥ ਵੀ ਲਿਆ ਜਾਂਦਾ ਹੈ। ਜਿਸ ਤਰ੍ਹਾਂ ਘੜਿਆਲ ਦੀ ਆਵਾਜ਼ ਪਿੱਛੇ ਇਕ ਲੰਮੀ ਗੂੰਜ ਸੁਣਾਈ ਦਿੰਦੀ ਹੈ, ਉਵੇਂ ਹੀ ਵਾਚਯ ਅਰਥ ਦੇ ਪਿੱਛੇ ਜਿਹੜੇ ਗੁੱਝੇ ਅਰਥ ਦਾ ਸੁਝਾਅ ਪ੍ਰਾਪਤ ਹੁੰਦਾ ਹੈ ਉਹ ਪਹਿਲੇ ਅਰਥ ਦੀ ਧੁਨੀ ਜਾਂ ਗੂੰਜ ਹੁੰਦਾ ਹੈ। ਗਿਆਤ ਹੁੰਦਾ ਹੈ ਕਿ ਕਾਵਿ ਸ਼ਾਸਤਰੀ ਵਿਵੇਚਨ ਵਿਚ ਕਾਵਿ ਸੁਹਜ ਦੀ ਸੱਤਾ ਸਬੰਧੀ ਆਨੰਦਵਰਧਨ ਤੋਂ ਪਹਿਲਾਂ ਚਲਦੀਆਂ ਅਨੇਕ ਧਾਰਾਵਾਂ ਨੇ ਆਨੰਦਵਰਧਨ ਦਾ ਧਿਆਨ ਆਕ੍ਰਸ਼ਿਤ ਕੀਤਾ ਅਤੇ ਉਹ ਨਵੇਂ ਸਿਧਾਂਤ ਨਾਲ ਇਸ ਵਿਵੇਚਨ-ਧਾਰਾ ਦਾ ਇਕ ਹਿੱਸਾ ਆ ਬਣਿਆ। ਅਸਲ ਵਿਚ ਕਾਵਿ ਸੁਹਜ ਦੇ ਮੂਲ ਵਜੋਂ ਧੁਨੀ ਦੀ ਸਵੀਕ੍ਰਿਤੀ ਮਨਵਾਉਣਾ ਹੀ ਉਸ ਵਲੋਂ ਲਿਖੇ ਗਏ ਗ੍ਰੰਥ 'ਧਵਨਯਲੋਕ' ਦਾ ਉਦੇਸ਼ ਸਪਸ਼ਟ ਹੁੰਦਾ ਹੈ।[5] ਭਾਰਤੀ ਕਾਵਿ ਸ਼ਾਸਤਰੀ ਪਰੰਪਰਾ ਦੇ ਇਕ ਹੋਰ ਚਿੰਤਕ ਕੁੰਤਕ (10ਵੀਂ-11ਵੀਂ ਈਸਵੀ ਸਦੀ) ਕਾਵਿ ਸੁਹਜ ਦਾ ਨਿਰਣਾ ਕਰਦਿਆਂ ਵਕ੍ਰੋਕਤੀ ਦਾ ਸਿਧਾਂਤ ਪੇਸ਼ ਕਰਦੇ ਹਨ। ਆਪਣੀ ਪੁਸਤਕ 'ਵਕ੍ਰੋਕਤੀ ਜੀਵਿਤਮ' ਵਿਚ ਉਹ ਅਦਭੁਤ, ਚਮਤਕਾਰ ਭਰੀ ਉਕਤੀ ਨੂੰ ਕਾਵਿ ਦਾ ਵਿਆਪਕ ਗੁਣ ਸਵੀਕਾਰਦੇ ਹੋਏ, ਵਕ੍ਰੋਕਤੀ ਵਿਚ ਕਾਵਿ ਸੁਹਜ ਦੀ ਸੱਤਾ ਵਿਦਮਾਨ ਮੰਨਦੇ ਹਨ।[6] ਇਸੇ ਤਰ੍ਹਾਂ ਕਸ਼ਮੇਂਦ੍ਰ (11ਵੀਂ ਈਸਵੀ ਸਦੀ) ਆਪਣੇ ਗ੍ਰੰਥ 'ਔਚਿਤਯ ਵਿਚਾਰ ਚਰਚਾ' ਵਿਚ ਕਾਵਿ ਦੀ ਉਚਿਤਤਾ ਨੂੰ ਕਾਵਿ ਸੁਹਜ ਦੀ ਸੱਤਾ ਦਾ ਰੂਪ ਮੰਨਦੇ ਹਨ। ਉਨ੍ਹਾਂ ਅਨੁਸਾਰ ਜੋ ਵਸਤੂ ਜਿਸਦੇ ਅਨੁਰੂਪ ਹੁੰਦੀ ਹੈ, ਉਸਨੂੰ ਅਸੀਂ ਉਚਿਤ ਕਹਿੰਦੇ ਹਾਂ ਤੇ ਉਚਿਤ ਦੇ ਇਸ ਭਾਵ ਨੂੰ ਹੀ 'ਔਚਿਤਯ' ਕਿਹਾ ਜਾਂਦਾ ਹੈ।[7]

ਉਪਰੋਕਤ ਵਿਚਾਰ ਚਰਚਾ ਤੋਂ ਅਸੀਂ ਇਹ ਸਹਿਜੇ ਹੀ ਵੇਖ ਸਕਦੇ ਹਾਂ ਕਿ ਭਾਰਤੀ ਕਾਵਿ ਸ਼ਾਸਤਰ ਵਿਚ

e-ISSN: 2348-6848
p-ISSN: 2348-795X
Volume 04 Issue 19
December 2017

ਕਾਵਿ-ਸਰੂਪ, ਕਾਵਿ-ਪ੍ਰਯੋਜਨ, ਕਾਵਿ-ਵਿਸ਼ੇ ਆਦਿ ਦੇ ਨਾਲ-ਨਾਲ ਕਾਵਿ ਸੁਹਜ ਵੀ ਇਕ ਵਿਚਾਰਨਯੋਗ ਵਿਸ਼ਾ ਰਿਹਾ ਹੈ। ਕਾਵਿ ਦੀ ਸੁਹਜ ਦੀ ਸੱਤਾ ਦੇ ਇਸੇ ਮਹੱਤਵਪੂਰਨ ਸਥਾਨ ਕਾਰਨ ਲੱਗਭਗ ਹਰੇਕ ਅਚਾਰੀਆ ਨੇ ਆਪਣੀ ਕ੍ਰਿਤ ਵਿਚ ਇਸ ਸਬੰਧੀ ਆਪਣੇ ਮੱਤ ਪ੍ਰਸਤੁਤ ਕੀਤੇ। ਇਹ ਅਧਿਐਨ ਕਰਦਿਆਂ ਅਸੀਂ ਕਾਵਿ ਸ਼ਾਸਤਰੀ ਅਧਿਐਨ ਅਤੇ ਸੁਹਜ ਸ਼ਾਸਤਰੀ ਅਧਿਐਨ ਨੂੰ ਵੀ ਵਖਰਿਆਇਆ ਹੈ। ਇਨਸਾਈਕਲੋਪੀਡੀਆ ਆਫ਼ ਐਸਥੈਟਿਕਸ ਵਿਚ ਕਾਵਿ ਸ਼ਾਸਤਰ ਨੂੰ ਪਰਿਭਾਸ਼ਿਤ ਕਰਦਿਆਂ ਲਿਖਿਆ ਗਿਆ ਹੈ ਕਿ ਕਾਵਿ-ਸ਼ਾਸਤਰ ਕਵਿਤਾ ਦੀ ਸੂਝ, ਵਿਆਖਿਆ ਤੇ ਮੁਲਾਂਕਣ ਬਾਰੇ ਗੱਲ ਕਰਦਿਆਂ ਕਈ ਸਵਾਲਾਂ ਨੂੰ ਸੰਬੋਧਿਤ ਹੁੰਦਾ ਹੈ, ਜਿਵੇਂ ਕਵਿਤਾ ਕੀ ਹੈ? ਕਵਿਤਾ ਅਤੇ ਵਾਰਤਕ ’ਚ ਕੀ ਭੇਦ ਹੈ? ਉਹ ਕੀ ਚੀਜ਼ ਹੈ ਜੋ ਕਿਸੇ ਇਕ ਕਵਿਤਾ ਨੂੰ ਕਿਸੇ ਦੂਜੀ ਕਵਿਤਾ ਨਾਲ਼ੋਂ ਸੁੰਦਰ ਬਣਾਉਂਦੀ ਹੈ, ਕਵਿਤਾ ਕੀ ਪ੍ਰਦਾਨ ਕਰਦੀ ਹੈ, ਕੀ ਕਵਿਤਾ ਕੋਲ਼ ਸਮਾਜਿਕ ਤੇ ਰਾਜਨੀਤਕ ਮੁੱਲ ਹੁੰਦੇ ਹਨ, ਕੀ ਕਵਿਤਾ ਸੱਚ ਦਾ ਸੰਚਾਰ ਕਰਦੀ ਹੈ,[8] ਸੋ ਇਸ ਵਿਚਾਰ ਅਨੁਸਾਰ ਕਾਵਿ ਸ਼ਾਸਤਰ ਕਾਵਿ ਉਦੇਸ਼ ਦੇ ਅਧਿਐਨ ਨਾਲ ਸਬੰਧਿਤ ਹੈ। ਕਈ ਜਗਾ ਕਾਵਿ ਸ਼ਾਸਤਰ ਨੂੰ ਕੇਵਲ ਕਾਵਿ ਦੇ ਅਧਿਐਨ ਨਾਲ ਜੋੜ ਕੇ ਵੀ ਦੇਖਿਆ ਜਾਂਦਾ ਮਿਲਦਾ ਹੈ। ਕਾਵਿ ਸ਼ਾਸਤਰੀ ਅਧਿਐਨ ਸਿਧਾਂਤਕ ਰੂਪ ਵਿਚ ਕਵਿਤਾ ਦਾ ਚਿੰਤਨ ਪੇਸ਼ ਕਰਦਾ ਹੈ।[9] ਇਹ ਕਵਿਤਾ, ਕਵਿਤਾ ਦੀਆਂ ਸ਼ਾਖਾਵਾਂ ਅਤੇ ਕਵਿਤਾ ਵਿਚ ਕਾਰਜਸ਼ੀਲ ਤਕਨੀਕੀ ਸਾਧਨਾਂ ਦੀ ਸਿਧਾਂਤਕ ਰੂਪ ਰੇਖਾ ਪੇਸ਼ ਕਰਦਾ ਹੈ। ਸੁਹਜ ਸ਼ਾਸਤਰ ਅਤੇ ਕਾਵਿ ਸ਼ਾਸਤਰ ਵਿਚ ਬੁਨਿਆਦੀ ਨਿਖੇੜਾ ਕਰਦਿਆਂ ਵੀ ਅਸੀਂ ਇਹੋ ਮੰਨਿਆ ਹੈ ਕਿ ਕਾਵਿ ਸ਼ਾਸਤਰੀ ਅਧਿਐਨ ਜਿੱਥੇ ਸਾਹਿਤਕ ਰਚਨਾ ਦੇ ਮੁਲੰਕਣ ਵੱਲ ਰੁਚਿਤ ਹੁੰਦਾ ਹੈ ਉੱਥੇ ਸੁਹਜ ਸ਼ਾਸਤਰ ਸਾਹਿਤ ਦੇ ਨਾਲ-ਨਾਲ ਹੋਰ ਕਲਾਵਾਂ ਦੇ ਅਧਿਐਨ ਨੂੰ ਵੀ ਆਪਣੇ ਕਲਾਵੇ ਵਿਚ ਲੈਂਦਾ ਹੈ।[10] ਇਸ ਤੋਂ ਇਲਾਵਾ ਕਾਵਿ ਸ਼ਾਸਤਰ ਆਮ ਤੌਰ ’ਤੇ ਸਿਰਜਣਾ ਦੇ ਚੰਗੇ ਅਤੇ ਮਾੜੇ ਦੋਵਾਂ ਤਰ੍ਹਾਂ ਦੇ ਰੋਲ ਉਜਾਗਰ ਕਰਦਾ ਹੈ ਜਦੋਂ ਕਿ ਸੁਹਜ ਸ਼ਾਸਤਰੀ ਅਧਿਐਨ ਵਿਚ ਕਲਾ ਦੇ ਕੇਵਲ ਉੱਜਲ ਪੱਖ ਹੀ ਵੇਖੇ ਜਾਂਦੇ ਹਨ।

ਕਾਵਿ ਸੁਹਜ ਦੀ ਸੱਤਾ ਨਾਲ ਸਬੰਧਿਤ ਉਪਰੋਕਤ ਮੱਤਾਂ ਤੋਂ ਇਲਾਵਾਂ ’ਰਸ ਸਿਧਾਂਤ’ ਇਕ ਅਜਿਹਾ ਮੱਤ ਹੈ ਜਿਹੜਾ ਆਪਣੀ ਵਿਸ਼ੇਸ਼ ਪ੍ਰਕਿਰਤਕ ਸਮਰੱਥਾ ਕਰਕੇ ਘੱਟੋ-ਘੱਟ ਅਸਹਿਮਤੀ ’ਤੇ ਕਾਵਿ ਸੁਹਜ ਦੀ ਸੱਤਾ ਦੇ ਮੂਲ ਵਜੋਂ ਵਿਚਾਰਿਆ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਰਸ ਨੂੰ ਕਾਵਿ ਰਸ ਵਜੋਂ ਸੰਘਿਆ ਦਿੰਦੇ ਹੋਏ ਪ੍ਰੇਮ ਪ੍ਰਕਾਸ਼ ਇਸਨੂੰ ਸਿੱਧੇ ਤੌਰ ’ਤੇ ਸੁਹਜ ਸ਼ਾਸਤਰ ਨਾਲ ਜੋੜਦਾ ਹੈ। ਉਸ ਅਨੁਸਾਰ ’ਕਾਵਿ ਰਸ, ਸੁਹਜ ਸ਼ਾਸਤਰ ਦਾ ਅਤੀ ਨਜ਼ਦੀਕੀ ਸ਼ਬਦ ਹੈ ਜੋ ਅੰਗਰੇਜ਼ੀ ਦੇ Aesthetic Enjoyment, Transcendental Pleasure ਜਾਂ Enjoy of Sentiment ਦੇ ਬਰਾਬਰ ਹੈ। ਅਰਥਾਤ ਸੁਹਜਾਤਮਕ ਆਨੰਦ ਅਨੁਭਵ ਜਾਂ ਅਲੌਕਿਕ ਰਸ।[11] ਰਸ ਸਿਧਾਂਤ ਭਾਰਤੀ ਕਾਵਿ ਸ਼ਾਸਤਰ ਦੇ ਅੰਤਰਗਤ ਕਾਵਿ ਸੁਹਜ ਦੇ ਮੁਲੰਕਨ ਹੇਤੂ ਵਿਕਸਿਤ ਹੋਈ ਅਤਿਅੰਤ ਮਹੱਤਵਪੂਰਨ ਚਿੰਤਨ ਪ੍ਰਣਾਲੀ ਹੈ। ’ਕਾਵਿ ਚਿੰਤਨ ਦੀ ਇਸ ਧਾਰਾ ਦੀ ਮੂਲ ਸਥਾਪਨਾ ਇਹ ਹੈ ਕਿ ਸਾਹਿਤਕ ਰਚਨਾਵਾਂ ਵਿਚ ਪੇਸ਼ ਹੋਈ ਵਸਤੂ ਦਾ ਅੰਤਿਮ ਪ੍ਰਯੋਜਨ ਵਿਭਿੰਨ ਪ੍ਰਕਾਰ ਦੇ ਭਾਵਾਂ ਦੀ ਅਨੁਭੂਤੀ ਰਾਹੀਂ ਮਨੁੱਖੀ ਮਨ ਵਿਚ ਵਿਸ਼ੇਸ਼ ਪ੍ਰਕਾਰ ਦਾ ਪ੍ਰਭਾਵ ਸਿਰਜਣ ਕਰਨਾ ਹੈ। ਇਹ ਇਕ ਅਜਿਹਾ ਸਾਹਿਤ ਸਿਧਾਂਤ ਹੈ ਜਿਹੜਾ ਮਨੁੱਖ ਦੇ ਜੀਵਨ ਅਨੁਭਵ ਅਤੇ ਯਥਾਰਥ ਦੇ ਵਿਹਾਰਕ ਬੋਧ ਨੂੰ ਆਧਾਰ ਬਣਾਉਂਦਾ ਹੈ’। ਇਸ ਸਿਧਾਂਤ ਦਾ ਆਰੰਭ ਭਰਤਮੁਨੀ ਵਲੋਂ ਲਿਖਤ ਗ੍ਰੰਥ ’ਨਾਟਯ ਸ਼ਾਸਤਰ’ ਨਾਲ

International Journal of Research
Special Issue for UGC Approved Journal-Punjabi Papers
Available at https://edupediapublications.org/journals
e-ISSN: 2348-6848
p-ISSN: 2348-795X
Volume 04 Issue 19
December 2017

ਹੀ ਹੋ ਜਾਂਦਾ ਹੈ। ਇਸ ਉਪਰੰਤ ਧਨੰਜਯ, ਅਭਿਨਵਗੁਪਤ ਅਤੇ ਪੰਡਿਤ ਜਗਨਨਾਥ ਆਦਿ ਆਚਾਰੀਆਂ ਨੇ ਵੀ ਇਸ ਸਿਧਾਂਤ ਨੂੰ ਵਿਕਸਿਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਭਰਤ ਮੁਨੀ ਆਪਣੀ ਰਚਨਾ ਵਿਚ ਰਸਾਂ ਦਾ ਵਰਗੀਕਰਨ ਕਰਦਿਆਂ ਇਸਦੇ 8 ਭੇਦ- ਦਰਸਾਉਂਦਾ ਹੈ।

ਸਾਹਿਤ ਆਲੋਚਨਾ ਦਾ ਇਕ ਮਹੱਤਵਪੂਰਨ ਕਾਰਜ 'ਕਾਵਿ ਅਨੁਭਵ' ਦਾ ਮੁਲੰਕਣ ਕਰਕੇ ਉਸਦੀ ਵਿਆਖਿਆ ਕਰਨੀ ਹੁੰਦੀ ਹੈ। ਸ਼ੁੱਧ ਰੂਪ ਵਿਚ 'ਭਾਵ' ਹੋਣ ਦੇ ਨਾਤੇ ਇਸ ਅਨੁਭਵ ਨੂੰ ਸ਼ਬਦਾਂ ਵਿਚ ਬਿਆਨ ਕਰਨਾ ਜੇਕਰ ਅਸੰਭਵ ਨਹੀਂ ਦਾ ਮੁਸ਼ਕਲ ਜ਼ਰੂਰ ਹੁੰਦਾ ਹੈ। ਭਾਰਤੀ ਕਾਵਿ ਸ਼ਾਸਤਰ ਵਿਚ ਵਿਚਾਰੇ ਗਏ ਕਾਵਿ ਅਨੁਭਵ ਨੂੰ ਮੁੱਖ ਰੂਪ ਵਿਚ ਤਿੰਨ ਭਾਗਾਂ ਵਿਚ ਵੰਡ ਕੇ ਵੇਖਿਆ ਜਾ ਸਕਦਾ ਹੈ। ਪਹਿਲਾ ਭਾਗ ਕੁਝ ਨਵਾਂ ਗਿਆਨ ਅਰਜਿਤ ਕਰਨ ਦਾ ਹੈ। ਜਦੋਂ ਵੀ ਅਸੀਂ ਕੋਈ ਨਵਾਂ ਗਿਆਨ ਪ੍ਰਾਪਤ ਕਰਦੇ ਹਾਂ ਤਾਂ ਆਪਣੀ ਬੁੱਧੀ (ਬੌਧਿਕ ਸਮਰੱਥਾ) ਵਿਚ ਬਾਧਾ ਵੀ ਮਹਿਸੂਸ ਕਰਦੇ ਹਾਂ। ਕਾਵਿ ਅਨੁਭਵ ਦੀ ਦੂਸਰੀ ਕੋਟੀ ਕਾਵਿ ਵਿਚਲੇ ਸ਼ਾਬਦਿਕ ਗੁਣਾਂ ਨਾਲ ਸਬੰਧਤ ਹੈ। ਬਿੰਬਾਂ ਪ੍ਰਤੀਕਾਂ ਅਤੇ ਅਲੰਕਾਰਾਂ ਰਾਹੀਂ ਸਜੀ-ਸੰਵਰੀ ਕੋਈ ਕਾਵਿ-ਕਿਰਤ, ਪਲ ਦੀ ਪਲ ਸਾਨੂੰ ਰੁਝੇਵਿਆਂ ਭਰੀ ਜ਼ਿੰਦਗੀ ਤੋਂ ਪਰੇ ਲੈ ਜਾਂਦੀ ਹੈ। ਕਾਵਿ ਅਨੁਭਵ ਦੀ ਇਸ ਕੋਟੀ ਵਿਚ ਭਾਵੇਂ ਨਵੇਂ ਗਿਆਨ ਦੀ ਕੋਈ ਸੰਭਾਵਨਾ ਤਾਂ ਨਹੀਂ ਹੁੰਦੀ ਪਰੰਤੂ ਇਸ ਪਿੱਛੇ ਕੁਝ ਵਿਲੱਖਣ ਪੜ੍ਹ/ਵੇਖ/ਸੁਣ ਕੇ ਤਰੰਗਿਤ ਹੋ ਜਾਣ ਦੀ ਮੂਲ ਮਾਨਵੀ ਪ੍ਰਵਿਰਤੀ ਕਾਰਜਸ਼ੀਲ ਜ਼ਰੂਰ ਹੁੰਦੀ ਹੈ। ਕਾਵਿ ਅਨੁਭਵ ਦੀ ਤੀਸਰੀ ਕੋਟੀ ਕਲਾ ਪ੍ਰਤੀ ਅਰਜਿਤ ਕੀਤੇ ਅਨੁਭਵ ਨੂੰ ਮਾਨਣ ਦੀ ਹੈ। ਇਸ ਸਥਿਤੀ ਵਿਚ ਵਿਅਕਤੀ ਹੋਰ ਸਾਰੇ ਅਨੁਭਵਾਂ ਨੂੰ ਖਾਰਜ ਕਰਦਾ ਹੋਇਆ, ਇਕ ਵਿਸ਼ੇਸ਼ ਪ੍ਰਕਾਰ ਦੇ ਕਾਵਿ ਅਨੁਭਵ ਵਿਚੋਂ ਗੁਜ਼ਰਦਾ ਹੈ। ਭਾਰਤੀ ਕਾਵਿ ਸ਼ਾਸਤਰ ਵਿਚ ਇਸ ਸਥਿਤੀ ਨੂੰ 'ਰਸ ਅਨੁਭੂਤੀ' ਕਿਹਾ ਗਿਆ ਹੈ। ਅਸਲ ਵਿਚ ਕਾਵਿ ਅਨੁਭਵ ਦੀਆਂ ਇਨ੍ਹਾਂ ਤਿੰਨਾਂ ਵੰਨਗੀਆਂ ਵਿਚੋਂ ਪਹਿਲੀਆਂ ਦੋ ਵੰਨਗੀਆਂ ਕਾਵਿ ਵਿਚਲੀ 'ਰਸ ਅਨੁਭੂਤੀ' ਦੇ ਨਿਰਮਾਣਕਾਰੀ ਸ੍ਰੋਤ ਹੀ ਹਨ। ਕਾਵਿ ਸੁਹਜ ਦੀ ਮੂਲ ਸੱਤਾ 'ਰਸ' ਅਤੇ ਉਸਦੇ ਅਨੁਭਵ ਵਿਚ ਵਿਦਮਾਨ ਹੈ।

### ਹਵਾਲੇ ਤੇ ਟਿਪਣੀਆਂ

**1** 'ਸ਼ਬਦਾਰਥੋ ਸਹਿਤੋਯਕਾਵਯਮ' (ਕਾਵਿਯਲੰਕਾਰ, ਖੰਡ 1, ਸ਼ਲੋਕ 16)

2 ਨ ਨਿਤਾਨਤਾਦਿਸਾਤ੍ਰੇਣ ਜਾਯਤੇ ਚਾਰੁਤਾ ਗਿਰਾਮ'
ਵਕ੍ਰਾਂਮਿਧੇਯਸ਼ਬਦੋ ਤ੍ਰਿਸ਼ਿਟਾ ਵਾਚਾਮੰਲਕ੍ਰਿਤ' (ਉਪਰੋਕਤ, ਖੰਡ 1, ਸ਼ਲੋਕ 36)

3 ਕਾਵਿਯਸ਼ੋਭਾਕਾਰਾਨ ਧਰਮਾਨਲੰਕਾਰਾਨ ਪ੍ਰਚਸ਼ਯਤੇ' (ਕਾਵਿਯਦਰਸ਼, ਖੰਡ 2, ਸ਼ਲੋਕ 1)

4 ਕਾਵਯਯੋਭਾਯਾ; ਕ੍ਰਤਾਰੋ ਧਰਮ ਗੁਣਾ; ਤਦਤਿਸ਼ਯਹੇਤ ਵਸਤਵਲੰਕਾਰਾ' (ਕਾਵਿਯਲੰਕਾਰ ਸੂਤਰਵ੍ਰਿਤੀ, ਅਧਿਕਰਣ 3, ਅਧਿਆਇ 1, ਸੂਤਰ 1)

5 ਕਾਵਿ ਦੇ ਆਤਮ ਭੂਤ ਜਿਸ ਤੱਤ ਨੂੰ ਵਿਦਵਾਨ ਲੋਕੀ 'ਧਵਨੀ' ਨਾਮ ਨਾਲ ਪੁਕਾਰਦੇ ਆਏ ਹਨ, ਉਸਦੀ ਹੋਂਦ ਤੋਂ ਕੁਝ ਵਿਦਵਾਨ ਮੰਨਦੇ ਹੀ ਨਹੀਂ[ ਦੂਜੇ ਵਿਦਵਾਨ ਉਸਨੂੰ 'ਭਾਕਤ' (ਗੌਣ ਲਕਸ਼ਣਾ ਰਾਹੀਂ ਪ੍ਰਾਪਤ ਹੋਣ ਵਾਲਾ ਤੱਤ) ਕਹਿੰਦੇ ਹਨ ਅਤੇ ਕੁਝ ਵਿਦਵਾਨ ਉਸਦੇ ਸਰੂਪ ਨੂੰ ਜ਼ੁਬਾਨ ਰਾਹੀਂ ਨਾ ਦੱਸਿਆ ਜਾਣ ਵਾਲਾ(ਅਨਿਰਵਚਨਿਯ) ਮੰਨਦੇ ਹਨ[ ਇਸੇ ਲਈ ਹੀ (ਧਵਨੀ ਦੇ ਸੰਬੰਧ ਵਿਚ ਇਨ੍ਹਾਂ ਅਨੇਕ ਵਿਰੋਧਾਂ ਦਾ ਖੰਡਨ ਕਰਕੇ ਧਵਨੀ ਦੀ ਸਥਾਪਨਾ ਰਾਹੀਂ) ਕਾਵਿ ਰਸ ਦੇ ਪਾਰਖੂ ਲੋਕਾਂ ਦੇ ਮਨ ਦੀ ਖੁਸ਼ੀ ਲਈ ਮੈਂ ਆਪਣੇ ਮਨ ਦੀ ਖੁਸ਼ੀ ਵਾਸਤੇ ਉਸ ਧਵਨੀ ਦੇ ਸਰੂਪ ਦਾ ਨਿਰੂਪਣ ਕਰ ਰਿਹਾ ਹਾਂ[' (ਧਵਨਿਆਲੋਕ [ਪੰਜਾਬੀ ਰੂਪਾਂਤਰਨ||, ਪੰਨਾ 1)

6 ਸ਼ਬਦਾਰਥੰ ਸਹਿਤੋਯ ਵਕ੍ਰ ਵਿਯਾਪਾਰਸ਼ਾਲਿਨ’ (ਆਚਾਰੀਆ ਮੰਮੱਟ ਕ੍ਰਿਤ ‘ਕਾਵਿਯ ਪ੍ਰਕਾਸ਼' [ਪੰਜਾਬੀ ਰੂਪਾਂਤਰਨ|| ਪੰਨਾ 49 ਤੋਂ ਉਧਰਿਤ)

7 ਉਚਿਤ ਪ੍ਰਾਹੁਰਾਚਾਰਯਾ; ਸਦ੍ਰਿਸ਼ੰ ਕਿਲ ਯਸਯ ਯਤ
ਉਚਿਤਸਯ ਚ ਯੋ ਭਾਵਸਤਦੌਚਿਤਯ ਪ੍ਰਚਕਸ਼ਤੇ[' (ਆਚਾਰੀਆ ਕਸ਼ਮੇਂਦ੍ਰ ‘ਐਚਿਤਯ ਵਿਚਾਰ
ਚਰਚਾ’[ਪੰਜਾਬੀ ਰੂਪਾਂਤਰਨ||, ਪੰਨਾ xx) ‘ਭਾਰਤੀ ਕਾਵਿ ਸ਼ਾਸਤ੍ਰ’ ਪੰਨਾ 53

8 Encyclopaedia of Aesthetics, Vol.4, p. 8

9 Encyclopaedia of Poetry and Poetics, p. 636

10 Encyclopaedia of Aesthetics, Vol.4, p. 8

11 ਭਾਰਤੀ ਕਾਵਿ ਸ਼ਾਸਤ੍ਰ’ ਪੰਨਾ 53